# ਸਿੱਟੇ ਅਤੇ ਸਥਾਪਨਾਵਾਂ

ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਰਵਿੰਦਰ ਰਵੀ ਇੱਕ ਮਹੱਤਵਪੂਰਨ ਹਸਤਾਖ਼ਰ ਹੈ। ਉਸਨੇ ਆਪਣੀ ਸਾਹਿਤਿਕ ਸਰਗਰਮੀ ਨਾਲ ਇੱਕ ਪ੍ਰਤਿਭਾਵਾਨ ਸਾਹਿਤਕਾਰ ਹੋਣ ਦਾ ਸਬੂਤ ਦਿੱਤਾ ਹੈ। ਉਸਦੀ ਸਾਹਿਤਿਕ ਸੰਵੇਦਨਾ ਨੇ ਆਪਣੇ ਆਲੇ ਦੁਆਲੇ ਨੂੰ ਵੱਖਰੀ ਨੀਝ ਨਾਲ ਵੇਖਿਆ ਅਤੇ ਨਵੀਆਂ ਸੋਝੀਆਂ ਨਾਲ ਪ੍ਰਗਟਾਇਆ ਹੈ। ਆਧੁਨਿਕ ਪੰਜਾਬੀ ਸਾਹਿਤ ਵਿੱਚ ਪਹਿਲਾਂ ਪ੍ਰਯੋਗਸ਼ੀਲ ਲਹਿਰ ਦੇ ਹਵਾਲੇ ਨਾਲ ਅਤੇ ਬਾਅਦ ਵਿੱਚ ਪਰਵਾਸੀ ਪੰਜਾਬੀ ਸਾਹਿਤ ਦੀ ਵੱਖਰੀ ਸੰਵੇਦਨਾ ਦੇ ਹਵਾਲੇ ਨਾਲ ਉਸਨੇ ਆਪਣੀ ਪਛਾਣ ਬਣਾਈ ਹੈ। ਆਪਣੇ ਆਲੇ-ਦੁਆਲੇ ਦੇ ਸਮਾਜ, ਦੇਸ਼ ਕਾਲ ਵਿੱਚ ਵਾਪਰ ਰਹੇ ਨੂੰ ਉਸਨੇ ਵੱਖਰੀ ਤਰ੍ਹਾਂ ਪ੍ਰਤੱਖਿਆ ਅਤੇ ਘੋਖਿਆ ਹੈ। ਗੱਲ ਨੂੰ ਕਹਿਣ ਦਾ ਉਸਦਾ ਢੰਗ ਬਹੁਵੰਨਾ ਹੈ। ਉਸਦੀ ਵੱਖਰਤਾ ਅਤੇ ਬਹੁਵੰਨਤਾ ਹੀ ਉਸਦੀ ਸਾਹਿਤਿਕ ਪਛਾਣ ਬਣੀ ਹੈ।

ਰਵਿੰਦਰ ਰਵੀ ਨੇ ਪੰਜਾਬੀ ਸਾਹਿਤ ਨੂੰ 52 ਪੁਸਤਕਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਅਠਾਰਾਂ ਕਾਵਿ ਸੰਗ੍ਰਹਿ, ਨੌ ਕਹਾਣੀ ਸੰਗ੍ਰਹਿ, ਬਾਰ੍ਹਾਂ ਕਾਵਿ ਨਾਟਕ, ਇਕ ਸਫ਼ਰਨਾਮਾ, ਦੋ ਸਾਹਿਤਿਕ ਸਵੈਜੀਵਨੀਆਂ, ਅਤੇ ਦੱਸ ਸੰਪਾਦਿਤ/ਆਲੋਚਨਾਤਮਕ ਪੁਸਤਕਾਂ ਸ਼ਾਮਲ ਹਨ। ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਤੇ ਕਲਮ ਅਜ਼ਮਾਉਣੀ ਅਤੇ ਗੱਲ ਕਹਿਣ ਦੇ ਵੱਖਰੇ ਅੰਦਾਜ਼ ਸਿਰਜਣੇ ਉਸਦੀ ਮੌਲਿਕਤਾ ਦਾ ਪ੍ਰਮਾਣ ਬਣੇ ਹਨ। ਰਵਿੰਦਰ ਰਵੀ ਨੇ ਜਿਸ ਦੌਰ ਵਿੱਚ ਸਾਹਿਤ ਰਚਨਾ ਸ਼ੁਰੂ ਕੀਤੀ ਉਸ ਦੌਰ ਵਿੱਚ ਪ੍ਰਗਤੀਵਾਦ ਦਾ ਬੋਲਬਾਲਾ ਸੀ। ਸਮਾਜ ਨੂੰ ਪੱਕੀਆਂ ਆਰਥਕ ਵੰਡਾਂ ਵਿੱਚ ਵੰਡਣ ਅਤੇ ਕ੍ਰਾਂਤੀਕਾਰੀ ਤਬਦੀਲੀ ਲਈ ਮਕਾਨਕੀ ਅੰਦਾਜ਼ ਵਿੱਚ ਸਾਹਿਤ ਰਚਣ ਦੀ ਪ੍ਰਵਿਰਤੀ ਜ਼ੋਰਾਂ ਤੇ ਸੀ। ਰਵਿੰਦਰ ਰਵੀ ਅਜਿਹੇ ਦੌਰ ਵਿੱਚ ਪ੍ਰਯੋਗਸ਼ੀਲ ਲਹਿਰ ਦੇ ਉਨ੍ਹਾਂ ਮੋਢੀਆਂ ਵਿੱਚ ਸ਼ਾਮਲ ਹੋਇਆ ਜਿਨ੍ਹਾਂ ਨੇ ਕੁਝ ਨਵਾਂ ਸੋਚਣ ਅਤੇ ਸੰਚਾਰਨ ਦਾ ਸੁਚੇਤ ਆਹਰ ਕੀਤਾ। ਰਵਿੰਦਰ ਰਵੀ ਨੇ ਮਕਾਨਕੀ ਲੀਹਾਂ ਤੋਂ ਹੱਟ ਕੇ ਸੋਚਣ ਅਤੇ ਸਮਾਜ ਵਿੱਚ ਪਨਪ ਰਹੀਆਂ ਨਵੀਆਂ ਕਦਰਾਂ ਕੀਮਤਾਂ ਨੂੰ ਸਾਹਿਤ ਦੇ ਘੇਰੇ ਵਿੱਚ ਲਿਆਉਣ ਦਾ ਸੁਚੇਤ ਆਹਰ ਕੀਤਾ। ਸਾਹਿਤ ਦੇ ਵਿਸ਼ੇ ਵਸਤੂ ਅਤੇ ਸੰਚਾਰ ਢੰਗਾਂ ਵਿੱਚ ਨਵੇਂ ਪ੍ਰਯੋਗ ਕਰਨ ਦੀ ਮੁਹਿੰਮ ਵਿੱਚ ਉਹ ਸੁਚੇਤ ਤੌਰ ਉੱਤੇ ਸ਼ਾਮਲ ਹੋਇਆ। ਇਸੇ ਕਰਕੇ ਆਪਣੇ ਸਾਹਿਤਿਕ ਜੀਵਨ ਦੇ ਮੁਢਲੇ ਦੌਰ ਵਿੱਚ ਉਸਨੇ ਪ੍ਰਯੋਗਸ਼ੀਲ ਲਹਿਰ ਦੇ ਪ੍ਰਭਾਵ ਅਧੀਨ ਸਾਹਿਤਿਕ ਰਚਨਾਵਾਂ ਹੀ ਨਹੀਂ ਕੀਤੀਆਂ ਪ੍ਰਯੋਗਸ਼ੀਲ ਲਹਿਰ ਦੀ ਵਿਚਾਰਧਾਰਾ ਨੂੰ ਵੱਖਰੇ ਤੌਰ ਤੇ ਪ੍ਰਗਟਾਉਣ ਲਈ ਆਲੋਚਨਾ ਦੇ ਖੇਤਰ ਵਿੱਚ ਵਿਸ਼ੇਸ਼ ਉਪਰਾਲੇ ਵੀ ਕੀਤੇ।

ਰਵਿੰਦਰ ਰਵੀ ਨੇ ਆਪਣੇ ਸਾਹਿਤਿਕ ਸਫ਼ਰ ਦੀ ਸ਼ੁਰੂਆਤ 1955-56 ਵਿੱਚ ਕੀਤੀ। ਬੇਸ਼ਕ ਉਸਨੇ ਪਹਿਲਾਂ ਦੋ ਕਹਾਣੀਆਂ 'ਬੂਹਣੀ' ਅਤੇ 'ਲਾਲ ਮੌਜੇ' ਦੀ ਰਚਨਾ ਕੀਤੀ ਪਰ ਉਹ ਪ੍ਰਸਿੱਧ ਆਪਣੇ ਪਹਿਲੇ ਕਾਵਿ ਸੰਗ੍ਰਹਿ 'ਦਿਲ ਦਰਿਆ ਸਮੁੰਦਰੋਂ ਡੂੰਘੇ' (1961) ਕਰਕੇ ਹੋਇਆ। ਉਸਨੇ ਭਾਰਤ ਵਿੱਚ ਰਹਿੰਦਿਆਂ ਚਾਰ ਕਾਵਿ ਸੰਗ੍ਰਹਿ 'ਦਿਲ ਦਰਿਆ ਸਮੁੰਦਰੋਂ ਡੂੰਘੇ' (1961), 'ਬੁੱਕਲ ਦੇ ਵਿੱਚ ਚੋਰ' (1963), 'ਬਿੰਦੂ' (1965), 'ਮੌਨ ਹਾਦਸੇ' (1967) ਅਤੇ ਦੋ ਕਹਾਣੀ ਸੰਗ੍ਰਹਿ 'ਚਰਾਵੀ' (1963) ਅਤੇ 'ਜ਼ੁਰਮ ਦੇ ਪਾਤਰ' (1966) ਪ੍ਰਕਾਸ਼ਿਤ ਕਰਵਾਏ। ਰਵਿੰਦਰ ਰਵੀ ਦੀਆਂ ਇਨ੍ਹਾਂ ਰਚਨਾਵਾਂ ਵਿੱਚ ਪ੍ਰਯੋਗਸ਼ੀਲ ਲਹਿਰ ਦਾ ਪ੍ਰਭਾਵ ਤੀਬਰ ਰਿਹਾ। 1967 ਵਿੱਚ ਰਵਿੰਦਰ ਰਵੀ ਨੇ ਪਰਵਾਸ ਧਾਰ ਲਿਆ। ਉਹ ਸਭ ਤੋਂ ਪਹਿਲਾਂ ਕੀਨੀਆ ਪੁੱਜਾ। ਕੀਨੀਆ ਸੱਤ ਸਾਲ ਰਹਿਣ ਤੋਂ ਬਾਅਦ ਉਹ 1974 ਵਿੱਚ ਪੱਕੇ ਤੌਰ ਤੇ ਕੈਨੇਡਾ ਜਾ ਕੇ ਵੱਸ ਗਿਆ। ਪਰਵਾਸ ਨੇ ਉਸ ਦੀ ਸਾਹਿਤਿਕ ਸੰਵੇਦਨਾ ਨੂੰ ਨਵੇਂ ਦਿਸਹੱਦੇ ਦਿੱਤੇ। ਪੂੰਜੀਵਾਦੀ ਸਮਾਜ ਦਾ ਜਿਹੜਾ ਮੁੱਢਲਾ ਝਲਕਾਰਾ ਉਸਨੇ ਆਧੁਨਿਕ ਹੋ ਰਹੇ ਭਾਰਤ ਵਿੱਚ ਦੇਖਿਆ ਸੀ ਉਸ ਦਾ ਵਿਕਸਿਤ ਰੂਪ ਉਸਨੇ ਵਿਕਸਿਤ ਦੇਸ਼ਾਂ ਵਿੱਚ ਘੁੰਮਦਿਆਂ, ਰਹਿੰਦਿਆਂ ਵੇਖਿਆ। ਇਸ ਮਾਹੌਲ ਨੇ ਉਸ ਦੀ ਸਾਹਿਤਿਕ ਸੰਵੇਦਨਾ ਨੂੰ ਵਿਕਸਿਤ ਪੂੰਜੀਵਾਦ ਅਤੇ ਭਾਰਤੀਆਂ ਦੇ ਪਰਵਾਸ ਦੇ ਨਵੇਂ ਅਨੁਭਵ ਦਿੱਤੇ। ਰਵਿੰਦਰ ਰਵੀ ਦੀ ਸਾਹਿਤ ਸੰਵੇਦਨਾ ਦੇ ਪਿਛੋਕੜ ਵਿੱਚ ਉਸਦਾ ਇਹ ਨਿਆਰਾ ਅਨੁਭਵ ਅਤੇ ਪ੍ਰਤੱਖਣ ਦ੍ਰਿਸ਼ਟੀ ਨਿਰੰਤਰ ਹਾਜ਼ਰ ਦਿਖਾਈ ਦਿੰਦੀ ਹੈ।

ਰਵਿੰਦਰ ਰਵੀ ਇੱਕ ਬਹੁਪੱਖੀ ਅਤੇ ਬਹੁਵਿਧਾਵੀ ਸਾਹਿਤਕਾਰ ਹੈ। ਉਸਨੇ ਆਧੁਨਿਕ ਸਾਹਿਤ ਵਿਧਾਵਾਂ ਨੂੰ ਸਿਰਜਣ ਵਿੱਚ ਉਚੇਚਾ ਯਤਨ ਕੀਤਾ ਹੈ। ਪੰਜਾਬੀ ਸਾਹਿਤ ਵਿੱਚ ਉਹ ਇੱਕੋ ਵੇਲੇ ਇੱਕ ਕਵੀ, ਕਹਾਣੀਕਾਰ, ਕਾਵਿ ਨਾਟਕਕਾਰ, ਸ੍ਵੈਜੀਵਨੀਕਾਰ, ਸਫ਼ਰਨਾਮਾਕਾਰ, ਆਲੋਚਕ, ਸੰਪਾਦਕ ਦੇ ਤੌਰ 'ਤੇ ਸਥਾਪਤ ਹੋ ਚੁੱਕਾ ਹੈ। ਵਿਧਾਵਾਂ ਦੀ ਬਹੁਵੰਨਗੀ ਦੇ ਨਾਲ-ਨਾਲ ਉਸਨੇ ਵਿਸ਼ਿਆਂ ਪੱਖੋਂ ਵੀ ਬਹੁਪੱਖਤਾ ਪ੍ਰਗਟਾਈ ਹੈ। ਰਵਿੰਦਰ ਰਵੀ ਦੀ ਸਾਹਿਤਿਕ ਵੰਨਸੁਵੰਨਤਾ ਅਤੇ ਸੁਹਜ ਸੰਚਾਰ ਨੂੰ ਜਾਣਨ ਲਈ ਉਸ ਦੁਆਰਾ ਰਚਿਤ ਵੱਖ-ਵੱਖ ਵਿਧਾਵਾਂ ਨੂੰ ਵੱਖਰੇ ਤੌਰ ਤੇ ਪਰਖਣ ਦਾ ਯਤਨ ਕਰਦਿਆਂ ਹਰ ਵਿਧਾ ਬਾਰੇ ਵੱਖਰੇ ਅਧਿਆਇ ਵਿਉਂਤੇ ਗਏ ਹਨ। ਇਸੇ ਬਹੁਵਿਧਵਤਾ ਅਤੇ ਬਹੁਪੱਖਤਾ ਦੇ ਸੰਪੂਰਨ ਜਾਇਜ਼ੇ ਲਈ ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿੱਚ ਵੰਡਿਆ ਗਿਆ ਹੈ।

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ **ਰਵਿੰਦਰ ਰਵੀ : ਜੀਵਨ ਅਨੁਭਵ ਅਤੇ ਰਚਨਾ ਸੰਸਾਰ** ਰਵਿੰਦਰ ਰਵੀ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਅਤੇ ਉਸਦੇ ਰਚਨਾ ਸੰਸਾਰ ਦਾ ਸੰਖਿਪਤ ਜਾਇਜ਼ਾ ਲੈਣ ਲਈ ਵਿਉਂਤਿਆ ਗਿਆ ਹੈ। ਇਹ ਅਧਿਆਇ ਰਵੀ ਦੇ ਬਹੁਪੱਖੀ ਜੀਵਨ ਅਨੁਭਵ ਅਤੇ ਉਸਦੀ ਲੰਬੀ ਸਾਹਿਤਿਕ ਯਾਤਰਾ ਦੇ ਵੱਖ-ਵੱਖ ਪੜਾਵਾਂ ਦੀ ਗੱਲ ਕਰਦਾ ਹੈ। ਰਵਿੰਦਰ ਰਵੀ ਦੇ ਜੀਵਨ ਵੇਰਵੇ ਉਸਦੇ

ਸਿਰਜਣਾਤਮਕ ਪਿਛੋਕੜ ਵਿੱਚ ਕੰਮ ਕਰ ਰਹੀਆਂ ਪ੍ਰੇਰਣਾਵਾਂ ਅਤੇ ਸ਼ਕਤੀਆਂ ਨੂੰ ਜਾਣਨ ਸਮਝਣ ਵਿੱਚ ਸਹਾਈ ਹੁੰਦੇ ਹਨ। ਉਸਦੇ ਪਿਤਾ ਨੇ ਰਵਿੰਦਰ ਨਾਥ ਟੈਗੋਰ ਦੇ ਨਾਂ ਤੇ ਉਸਦਾ ਨਾਂ ਰਵਿੰਦਰ ਰੱਖਿਆ ਸੀ ਅਤੇ ਉਹ ਚਾਹੁੰਦੇ ਸਨ ਰਵਿੰਦਰ ਰਵੀ ਵੱਡਾ ਹੋ ਕੇ ਰਵਿੰਦਰ ਨਾਥ ਟੈਗੋਰ ਵਰਗਾ ਬਣੇ। ਉਸਦੇ ਪਿਤਾ ਪ੍ਰੋ. ਪਿਆਰਾ ਸਿੰਘ ਗਿੱਲ ਖੁਦ ਇਕ ਲੇਖਕ ਸਨ। ਉਨ੍ਹਾਂ ਆਲੋਚਨਾ ਦੀ ਪੁਸਤਕ 'ਨਾਟਕ ਰਤਨਾਕਰ' ਦੀ ਰਚਨਾ ਕੀਤੀ ਸੀ। ਉਸਦੇ ਪਰਿਵਾਰ ਦਾ ਇਹੀ ਸਾਹਿਤਿਕ ਮਾਹੌਲ ਉਸ ਨੂੰ ਸਾਹਿਤਕ ਚੇਟਕ ਲਾਉਂਦਾ ਹੈ। ਅਧਿਆਪਨ ਵਜੋਂ ਉਸਦਾ ਕਿੱਤਾ ਅਤੇ ਜਲੰਧਰ ਦਾ ਸਾਹਿਤਿਕ ਮਾਹੌਲ ਉਸ ਨੂੰ ਸਾਹਿਤਿਕ ਸਰਗਰਮੀਆਂ ਨਾਲ ਜੋੜਦਾ ਹੈ। ਪ੍ਰਯੋਗਸ਼ੀਲ ਲਹਿਰ ਵਿੱਚ ਉਸਦੀ ਸ਼ਮੂਲੀਅਤ ਉਸਨੂੰ ਕੁਝ ਨਵਾਂ ਕਰਨ ਲਈ ਪ੍ਰੇਰਦੀ ਹੈ। ਆਪਣੇ ਆਲੇ-ਦੁਆਲੇ ਨੂੰ ਵੱਖਰੀ ਤਰ੍ਹਾਂ ਅਤੇ ਨੀਝ ਲਾ ਕੇ ਵੇਖਣ ਦੀ ਇਹੀ ਟ੍ਰੇਨਿੰਗ ਉਸ ਨੂੰ ਪਰਵਾਸੀ ਹੋਣ ਦੀਆਂ ਮੁਸ਼ਕਲਾਂ ਝਾਗਦਿਆਂ ਵੀ ਸਾਹਿਤ ਨਾਲ ਜੋੜੀ ਰੱਖਦੀ ਹੈ। ਪਰਵਾਸੀ ਜੀਵਨ ਨੂੰ ਉਹ ਨਵੇਂ ਕੋਣਾਂ ਤੋਂ ਵੇਖਦਾ ਅਤੇ ਪਰਵਾਸੀ ਮਾਹੌਲ ਨੂੰ ਉਹ ਆਪਣੇ ਸਾਹਿਤ ਦਾ ਵਿਸ਼ਾ ਬਣਾਉਂਦਾ ਹੈ। ਰਵਿੰਦਰ ਰਵੀ ਦੀ ਸਾਹਿਤਿਕ ਸੰਵੇਦਨਾ ਨੂੰ ਵੱਖਰੀ ਪਛਾਣ ਦੇਣ ਵਿੱਚ ਉਸਦਾ ਜੀਵਨ ਦ੍ਰਿਸ਼ਟੀਕੋਣ ਵਿਸ਼ੇਸ਼ ਤੌਰ ਤੇ ਦਖਲ ਦਿੰਦਾ ਦਿਖਾਈ ਦਿੰਦਾ ਹੈ। ਰਵਿੰਦਰ ਰਵੀ ਨਵੀਆਂ ਕੀਮਤਾਂ, ਨਵੇਂ ਮਾਹੌਲ, ਨਵੀਆਂ ਸਮੱਸਿਆਵਾਂ ਨੂੰ ਵੇਖਣ, ਸਮਝਣ ਪ੍ਰਤੀ ਵਿਸ਼ੇਸ਼ ਦਿਲਚਸਪੀ ਵਿਖਾਉਂਦਾ ਹੈ। ਰਵਿੰਦਰ ਰਵੀ ਸਮਾਨਤਾ ਦਾ ਚਿਤੇਰਾ ਹੈ। ਉਹ ਅਜਿਹੇ ਸਮਾਜ ਦੀ ਕਲਪਨਾ ਕਰਦਾ ਹੈ ਜਿੱਥੇ ਕੋਈ ਅਸਮਾਨਤਾ ਨਾ ਹੋਵੇ। ਇਹ ਅਸਮਾਨਤਾ ਭਾਵੇਂ ਉਸਨੂੰ ਔਰਤ ਮਰਦ ਦੇ ਰਿਸ਼ਤੇ ਵਿੱਚ ਦਿਖਾਈ ਦੇਵੇ, ਭਾਵੇਂ ਅਮੀਰ ਗਰੀਬ ਵਿੱਚ ਦਿਖਾਈ ਦੇਵੇ, ਭਾਵੇ ਆਪਣੇ ਜਾਂ ਪਰਾਏ ਦੇਸ਼ ਦੇ ਵਾਸੀ ਹੋਣ ਵਿੱਚ ਦਿਖਾਈ ਦੇਵੇ। ਉਹ ਪੂਰੇ ਵਿਸ਼ਵ ਨੂੰ ਇੱਕੋ ਡੋਰ ਵਿੱਚ ਬੱਝਿਆ ਵੇਖਣਾ ਚਾਹੁੰਦਾ ਹੈ। ਉਹ ਸਮੁੱਚੀ ਮਨੁੱਖਤਾ ਲਈ ਸਮਾਨਤਾ ਚਾਹੁੰਦਾ ਹੈ। ਉਸ ਲਈ ਕੋਈ ਵੀ ਧਰਤੀ, ਕੋਈ ਵੀ ਮੁਲਕ, ਕੋਈ ਵੀ ਸਭਿਅਤਾ ਕੋਈ ਵੀ ਧਰਮ, ਕੋਈ ਵੀ ਸਮਾਜ ਓਪਰਾ ਨਹੀਂ। ਉਹ ਜਿੱਥੇ ਵੀ ਗਿਆ, ਉੱਥੋਂ ਦਾ ਹੀ ਹੋ ਗਿਆ। ਇਸੇ ਕਰਕੇ ਉਸਨੂੰ ਵਿਸ਼ਵੀ ਚੇਤਨਾ ਦਾ ਸਾਹਿਤਕਾਰ ਕਿਹਾ ਜਾ ਸਕਦਾ ਹੈ। ਪਰ ਇਸ ਦਾ ਭਾਵ ਇਹ ਬਿਲਕੁਲ ਨਹੀਂ ਕਿ ਉਹ ਆਪਣੀ ਜਨਮਭੂਮੀ, ਆਪਣੀ ਸਭਿਅਤਾ, ਆਪਣੀਆਂ ਕਦਰਾਂ ਕੀਮਤਾਂ ਨੂੰ ਭੁੱਲ ਗਿਆ ਹੈ। ਪੂੰਜੀਵਾਦੀ ਦੇਸ਼ਾਂ ਦੇ ਵਿਕਸਿਤ ਸਮਾਜਾਂ ਨੂੰ ਸਮਝਣ ਅਤੇ ਪਰਖਣ ਵੇਲੇ ਉਹ ਆਪਣੀ ਸਭਿਅਤਾ, ਆਪਣੀਆਂ ਕਦਰਾਂ-ਕੀਮਤਾਂ ਅਤੇ ਆਪਣੇ ਭਾਰਤੀ ਦ੍ਰਿਸ਼ਟੀਕੋਣ ਨਾਲ ਜੁੜਿਆ ਰਹਿੰਦਾ ਹੈ। ਉਹ ਭਾਰਤੀ ਜੀਵਨ ਜਾਚ ਦੀਆਂ ਘਸੀਆਂ ਪਿਟੀਆਂ ਅਤੇ ਜਰਜਰ ਹੋ ਚੁੱਕੀਆਂ ਕਦਰਾਂ ਕੀਮਤਾਂ ਨੂੰ ਤਿਆਗਦਾ ਹੈ ਅਤੇ ਨਵੀਆਂ ਕਦਰਾਂ-ਕੀਮਤਾਂ ਨੂੰ ਅਪਨਾਉਣ ਦਾ ਸੁਨੇਹਾ ਦਿੰਦਾ ਹੈ। ਪਰ ਨਵੀਆਂ ਕਦਰਾਂ ਕੀਮਤਾਂ ਨੂੰ ਅਪਨਾਉਣ ਵੇਲੇ ਵੀ ਉਹ ਸਮਝ ਦੀ ਅੱਖ ਨੂੰ ਬਰਕਰਾਰ ਰੱਖਣਾ ਚਾਹੁੰਦਾ ਹੈ। ਉਸਨੇ ਪੱਛਮੀ ਮੁਲਕਾਂ ਵਿੱਚ ਔਰਤ ਮਰਦ

ਸੰਬੰਧਾਂ ਵਿੱਚ ਚੱਲ ਰਹੀ ਲਿੰਗਕ ਖੁੱਲ, ਟੁੱਟ ਭੱਜ, ਮਸ਼ੀਨੀਕਰਣ, ਨਸਲਵਾਦ, ਬੇਗਾਨੀਅਤ, ਅਤੇ ਇੱਕਲਤਾ ਨੂੰ ਆਪਣੀ ਸਾਹਿਤਿਕ ਰਚਨਾ ਦਾ ਵਿਸ਼ਾ ਬਣਾਇਆ ਅਤੇ ਬਹੁਤ ਕੁਝ ਬਾਰੇ ਅਗਾਊਂ ਸੋਝੀਆਂ ਦਿੱਤੀਆਂ ਹਨ।

ਉਹ ਮਨੁੱਖ ਨੂੰ ਦੁਜੈਲੇ ਸਥਾਨ ਵੱਲ ਧੱਕ ਰਹੀ ਵਿਗਿਆਨਕ ਤਰੱਕੀ, ਮਸ਼ੀਨੀਕਰਣ, ਪਦਾਰਥਵਾਦ ਆਦਿ ਵਰਤਾਰਿਆਂ ਨੂੰ ਰੱਦ ਕਰਦਾ ਹੋਇਆ ਪੇਸ਼ ਕਰਦਾ ਹੈ ਕਿ ਬੇਸ਼ਕ ਮਨੁੱਖ ਇਹਨਾਂ ਵਸਤਾਂ ਦਾ ਪ੍ਰਯੋਗ ਕਰੇ ਪਰ ਮਸ਼ੀਨ ਨੂੰ ਮਨੁੱਖ ਦਾ ਬਦਲ ਜਾਂ ਮਨੁੱਖ ਤੋਂ ਉੱਪਰ ਦਾ ਸਥਾਨ ਨਹੀਂ ਦਿੱਤਾ ਜਾ ਸਕਦਾ। ਉਸਦੇ ਸਾਹਿਤ ਸੰਸਾਰ ਦੇ ਪਾਤਰ ਪਦਾਰਥਵਾਦੀ ਦੁਨੀਆਂ ਵਿੱਚ ਲਬਰੇਜ਼ ਨਜ਼ਰ ਆਉਂਦੇ ਹਨ, ਪਰ ਅੰਤ ’ਤੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਵੀ ਚਾਹਵਾਨ ਹਨ। ਰਵਿੰਦਰ ਰਵੀ ਦੀ ਜੀਵਨ ਪ੍ਰਤੀ ਵਿਚਾਰਧਾਰਾ ਉਸਦੇ ਸਾਹਿਤ ਸੰਸਾਰ ਵਿੱਚ ਨਜ਼ਰ ਆਉਂਦੀ ਹੈ।

ਰਵਿੰਦਰ ਰਵੀ ਦੀ ਇਹ ਖਾਸੀਅਤ ਹੈ ਕਿ ਉਹ ਮਨੁੱਖਤਾ ਅੰਦਰ ਚੱਲ ਰਹੇ ਤਰਕ ਵਿਤਰਕ ਨੂੰ ਪੇਸ਼ ਕਰਨ ਵਿੱਚ ਮਾਹਿਰ ਹੈ। ਉਸਦੇ ਸਿਰਜਣਾਤਮਕ ਜਗਤ ਦਾ ਕੇਂਦਰ ਵਿਸ਼ਵ ਹੈ। ਉਸ ਕਿਸੇ ਇਕ ਮੁਲਕ ਵਿੱਚ ਘਟੀ ਘਟਨਾ ਨੂੰ ਸਿਰਫ਼ ਉਸ ਮੁਲਕ/ਦੇਸ਼ ਨਾਲ ਜੋੜਕੇ ਨਹੀਂ ਵੇਖਦਾ ਬਲਕਿ ਉਸਨੂੰ ਸਪੂੰਰਨ ਵਿਸ਼ਵ ਦੀ ਘਟਨਾ ਮੰਨਦਾ ਹੈ। ਉਹ ਪੰਜਾਬ ਅਤੇ ਵਿਦੇਸ਼ਾਂ ਵਿੱਚ ਘੁੰਮਿਆ, ਉਹ ਉਨ੍ਹਾਂ ਦੇਸ਼ਾਂ ਦੇ ਹਾਲ, ਹਾਲਾਤ ਅਤੇ ਜੀਵਨ ਜਾਚ ਨੂੰ ਪੇਸ਼ ਕਰਦਾ ਹੈ। ਪੰਜਾਬ ਦੀ ਸਭਿਅਤਾ, ਵਿਦੇਸ਼ਾਂ ਦਾ ਰਹਿਣ ਸਹਿਣ, ਬਿਗਾਨੇ ਮੁਲਕਾਂ ਦੀ ਸੋਚ, ਚਾਲ-ਢਾਲ, ਔਰਤ ਮਰਦ ਸੰਬੰਧਾਂ ਦੀ ਸਥਿਤੀ, ਆਰਥਿਕਤਾ, ਰਿਸ਼ਤਾ-ਨਾਤਾ ਪ੍ਰਬੰਧ, ਮਨੁੱਖ ਦੀ ਇੱਕਲਤਾ ਆਦਿ ਸਮੱਸਿਆਵਾਂ ਉਸ ਦੀ ਕਲਾ ਸੰਰਚਨਾ ਦੇ ਅੰਗ-ਸੰਗ ਹਨ। ਇਸੇ ਕਰਕੇ ਉਸਦੇ ਪਾਤਰ ਕਿਸੇ ਸੀਮਾ ਵਿੱਚ ਨਹੀਂ ਬੱਝਦੇ।

ਰਵੀ ਦੀ ਸਾਹਿਤ ਰਚਨਾ ਇਸ ਗੱਲ ’ਤੇ ਜ਼ੋਰ ਦਿੰਦੀ ਹੈ ਕਿ ਪੱਛਮੀ ਸੰਸਕ੍ਰਿਤੀ ਦੀਆਂ ਖੁਲ੍ਹ ਨੀਤੀਆਂ ਨੇ ਮਨੁੱਖ ਦੀਆਂ ਕਦਰਾਂ-ਕੀਮਤਾਂ ਨੂੰ ਢਾਹ ਲਾਈ ਹੈ। ਹਰ ਰਿਸ਼ਤੇ ਵਿੱਚ ਪੂੰਜੀ ਅਤੇ ਕਾਮੁਕਤਾ ਭਾਰੂ ਹੈ। ਪੂੰਜੀਵਾਦ ਦੇ ਪਾਸਾਰ ਅਧੀਨ ਆਇਆ ਰਿਸ਼ਤਿਆਂ ਵਿਚਲਾ ਬਦਲਾਅ ਸਾਹਿਤ ਸੰਵੇਦਨਾ ਦੇ ਪ੍ਰਸੰਗ ਵਿੱਚ ਅਹਿਮ ਮਹੱਤਵ ਰੱਖਦਾ ਹੈ। ਪੂੰਜੀਵਾਦੀ ਅਰਥਚਾਰੇ ਵਿੱਚ ਖੂਨ ਦੇ ਰਿਸ਼ਤੇ ਵੀ ਬੁਰੀ ਤਰ੍ਹਾਂ ਪਦਾਰਥਵਾਦ ਤੋਂ ਪ੍ਰਭਾਵਿਤ ਹੋ ਰਹੇ ਹਨ, ਜਿਸ ਦੀ ਪ੍ਰਸਤੁਤੀ ਰਵਿੰਦਰ ਰਵੀ ਦਾ ਸਾਹਿਤ ਬਾਖੂਬੀ ਕਰਦਾ ਹੈ। ਉਹ ਪੱਛਮ ਦੇ ਸਮਕਾਲੀ ਯਥਾਰਥ ਦੇ ਨਿੱਕੇ-ਨਿੱਕੇ ਵੇਰਵਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੀ ਨਹੀਂ ਕਰਦਾ ਸਗੋਂ ਉਨ੍ਹਾਂ ਦੀਆਂ ਮਜਬੂਰੀਆਂ, ਵਿਸੰਗਤੀਆਂ, ਸੰਕਟਾਂ, ਮੁਸ਼ਕਲਾਂ ਅਤੇ ਦੁਖਾਂਤਕ ਸਥਿਤੀਆਂ ਅਤੇ ਪ੍ਰਸਥਿਤੀਆਂ ਨੂੰ ਸੰਵੇਦਨਸ਼ੀਲ ਢੰਗ ਨਾਲ ਉਭਾਰਦਾ ਹੈ। ਉਸਦੀ ਸਾਹਿਤ ਸੰਵੇਦਨਾ ਇਸ ਗੱਲ ਦੀ ਗਵਾਹ ਹੈ ਕਿ ਅਜੋਕਾ

ਮਨੁੱਖ ਇਕੱਲਤਾ, ਬੇਗਾਨਗੀ, ਨਿਰਾਸਤਾ ਦੀ ਜਿਸ ਸਥਿਤੀ ਵਿੱਚ ਫਸ ਗਿਆ ਹੈ ਉਹ ਆਪਣੀਆਂ ਚਾਹਤਾਂ ਕਾਰਨ ਫਸਿਆ ਹੈ। ਉਹ ਜ਼ਿੰਦਗੀ ਦੇ ਵੱਡੇ-ਵੱਡੇ ਮਸਲਿਆਂ ਦੀ ਗੱਲ ਕਰਦਾ ਸਹਿਜ ਰਹਿੰਦਾ ਹੈ ਅਤੇ ਪੱਛਮੀ ਜੀਵਨ ਜਾਚਾਂ ਵਿੱਚ ਆ ਚੁੱਕੀਆਂ ਗੰਭੀਰ ਸਮੱਸਿਆਵਾਂ ਅਤੇ ਸਥਿਤੀਆਂ ਨੂੰ ਸਾਡੇ ਸਾਹਮਣੇ ਰੱਖ ਦਿੰਦਾ ਹੈ। ਉਹ ਉਨ੍ਹਾਂ ਕਰੂਪ ਸਮੱਸਿਆਵਾਂ ਅਤੇ ਸੱਚਾਈਆਂ ਦਾ ਬਿਆਨ ਖਰਵੇ ਢੰਗ ਨਾਲ ਕਰ ਜਾਂਦਾ ਹੈ ਜਿਨ੍ਹਾਂ ਨਾਲ ਇਨਸਾਨ ਜਿਉਣ ਦਾ ਆਦੀ ਹੋ ਗਿਆ ਹੈ। ਅਜਿਹੀ ਸਥਿਤੀ ਨੂੰ ਬਿਆਨ ਕਰਨ ਸਮੇਂ ਉਹ ਵਿਅੰਗ ਦਾ ਸਹਾਰਾ ਲੈਂਦਾ ਹੈ।

ਇਸ ਖੋਜ ਪ੍ਰਬੰਧ ਦਾ ਅਧਿਆਇ ਦੂਸਰਾ **ਰਵਿੰਦਰ ਰਵੀ ਦੀ ਕਾਵਿ ਸੰਵੇਦਨਾ : ਸਰੋਕਾਰ ਅਤੇ ਸੁਹਜ ਸੰਚਾਰ** ਵਿੱਚ ਰਵਿੰਦਰ ਰਵੀ ਨੂੰ ਇੱਕ ਕਵੀ ਵਜੋਂ ਵਿਚਾਰਿਆ ਹੈ। ਰਵਿੰਦਰ ਰਵੀ ਨੇ ਅੱਠਾਰਾਂ ਕਾਵਿ ਸੰਗ੍ਰਹਿਆਂ 'ਦਿਲ ਦਰਿਆ ਸਮੁੰਦਰੋਂ ਡੂੰਘੇ' (1961), 'ਬੁੱਕਲ ਦੇ ਵਿੱਚ ਚੋਰ' (1963), 'ਬਿੰਦੂ' (1965), 'ਮੌਨ ਹਾਦਸੇ' (1967), 'ਦਿਲ ਟ੍ਰਾਂਸਪਲਾਂਟ ਤੋਂ ਬਾਅਦ' (1969), 'ਸ਼ਹਿਰ ਜੰਗਲੀ ਹੈ' (1970), 'ਮੇਰੇ ਮੌਸਮ ਦੀ ਵਾਰੀ' (1972), 'ਜਲ ਭਰਮ ਜਲ' (1976), 'ਚਿੱਟੇ ਕਾਲੇ ਧੱਬੇ' (1978), 'ਸੀਮਾ ਆਕਾਸ਼' (1980), 'ਸ਼ੀਸ਼ੇ ਤੇ ਦਸਤਕ' (1983), 'ਆਪਣੇ ਖ਼ਿਲਾਫ਼' (1986), 'ਸੂਰਜ ਤੇਰਾ ਮੇਰਾ' (1989), 'ਗੰਢਾਂ' (1993), 'ਸ਼ਬਦੋਂ ਪਾਰ' (1999), 'ਪੱਤਰ ਤੇ ਦਰਿਆ' (2003), 'ਛਾਵਾਂ ਤੇ ਪਰਛਾਵੇਂ' (2007), 'ਬਾਜ਼ ਦੀ ਨਜ਼ਰ' (2010) ਦੀ ਰਚਨਾ ਕੀਤੀ ਹੈ। ਉਸਨੇ ਆਪਣੇ ਕਾਵਿ ਸੰਗ੍ਰਹਿਆਂ ਨੂੰ ਸੈਂਚੀ ਬੱਧ ਰੂਪ ਵਿੱਚ ਵੀ ਪੇਸ਼ ਕੀਤਾ ਹੈ ਅਤੇ ਆਪਣੇ ਕਾਵਿ ਸੰਸਾਰ ਦੇ ਥੀਮਕ ਅਤੇ ਰੂਪਕ ਪੱਖ ਨੂੰ ਉਘਾੜਿਆ ਹੈ। ਉਸਦੀਆਂ ਕਾਵਿ ਸੈਂਚੀਆਂ 'ਅਕੱਥ ਕਥਾ', 'ਵਣਵਾਣੀ', 'ਪਿਆਸਾ ਬੱਦਲ' ਅਤੇ 'ਸ਼ਬਦ ਸਾਗਰ' ਹਨ। ਇਸ ਅਧਿਆਇ ਵਿੱਚ ਉਸਦੀ ਸਮੁੱਚੀ ਕਵਿਤਾ ਵਿੱਚ ਉਪਜੇ ਭਾਵਾਂ ਦੀ ਅਧਾਰ ਭੂਮੀ ਨੂੰ ਤਲਾਸ਼ਿਆ ਗਿਆ ਹੈ ਅਤੇ ਉਨ੍ਹਾਂ ਭਾਵਾਂ ਦੇ ਸੰਚਾਰ ਦੇ ਆਧਾਰ ਤੇ ਉਸਨੂੰ ਇੱਕ ਕਵੀ ਹੋਣ ਦੇ ਤੌਰ ਤੇ ਪਰਖਿਆ ਗਿਆ ਹੈ। ਕੋਈ ਵੀ ਕਵਿਤਾ ਕਿਸੇ ਵੀ ਕਵੀ ਦੇ ਅੰਦਰਲੇ ਅਤੇ ਬਾਹਰਲੇ ਅਨੁਭਵਾਂ ਵਿੱਚੋਂ ਹੀ ਪਨਪਦੀ ਹੈ ਅਤੇ ਪਰ ਇਹ ਕਿਸੇ ਕਵੀ ਦੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਤੇ ਨਿਰਭਰ ਹੁੰਦਾ ਹੈ ਕਿ ਉਹ ਦੋਨਾਂ ਵਿੱਚੋਂ ਕਿਸਨੂੰ ਅਹਿਮੀਅਤ ਦਿੰਦਾ ਹੈ। ਰਵਿੰਦਰ ਰਵੀ ਨੇ ਪਰਵਾਸ ਭੋਗਦਿਆਂ ਜਿਹੜੇ ਅਨੁਭਵ ਗ੍ਰਹਿਣ ਕੀਤੇ ਉਨ੍ਹਾਂ ਨੂੰ ਤਾਂ ਬਿਆਨ ਕੀਤਾ ਹੀ ਹੈ, ਨਾਲ ਦੀ ਨਾਲ ਇਹ ਗੱਲ ਵੀ ਧਿਆਨ ਕੇਂਦਰਿਤ ਕੀਤੀ ਹੈ ਕਿ ਮਨੁੱਖ ਦਾ ਵਿਗਿਆਨਕ ਅਤੇ ਤਕਨੀਕੀ ਵਿਕਾਸ ਕੁਦਰਤ ਨਾਲ ਆਢਾ ਲਾ ਬੈਠਾ ਹੈ ਅਤੇ ਇਸ ਦਾ ਹਰਜਾਨਾ ਵੀ ਉਸਨੂੰ ਭੁਗਤਣਾ ਪੈ ਰਿਹਾ ਹੈ। ਰਵੀ ਕਾਵਿ ਵਿੱਚ ਇਹ ਪੱਖ ਵਿਸ਼ੇਸ਼ ਤੌਰ 'ਤੇ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਪਹਿਲੇ ਕਵੀ ਜਿੱਥੇ ਪਿਆਰ ਨੂੰ ਕਾਲਪਨਿਕ ਸੰਸਾਰ ਤੱਕ ਹੀ ਸੀਮਿਤ ਰੱਖਦੇ ਸਨ ਉੱਥੇ ਰਵੀ ਦੀ ਕਵਿਤਾ ਜਿਸਮਾਨੀ ਪਿਆਰ ਦੀ

ਗੱਲ ਕਰਦੀ ਹੈ। ਉਸਦੀ ਕਵਿਤਾ ਵਿਚਲੇ ਔਰਤ ਮਰਦ ਸੰਬੰਧਾਂ ਵਿੱਚ ਲਿੰਗਕ ਪ੍ਰਵਿਰਤੀਆਂ ਸਹਿਜੇ ਹੀ ਉਜਾਗਰ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ। ਉਹ ਬਿਨਾਂ ਕਿਸੇ ਉਹਲੇ ਅਤੇ ਸੰਕੋਚ ਦੇ ਔਰਤ ਅਤੇ ਮਰਦ ਦੇ ਪਰਦੇ ਪਿੱਛੇ ਦੇ ਸੰਬੰਧਾਂ ਨੂੰ ਕਹਿ ਜਾਂਦਾ ਹੈ। ਉਸਦੀ ਕਵਿਤਾ ਜ਼ਿੰਦਗੀ ਦੇ ਨਵੇਂ ਯਥਾਰਥ ਦੀ ਥਾਹ ਪਾਉਂਦੀ ਹੈ ਅਤੇ ਨਾਲ ਦੀ ਨਾਲ ਇਸ ਨਾਲ ਵਿਰੋਧ ਵੀ ਉਤਪੰਨ ਕਰਦੀ ਲੱਗਦੀ ਹੈ। ਉਸਦੀ ਕਵਿਤਾ ਵਿੱਚ ਮਨੁੱਖੀ ਹੋਂਦ ਦੀ ਛਿਣਭੰਗੁਰਤਾ, ਜੀਵਨ ਅਤੇ ਮੌਤ ਦੀਆਂ ਗੁੰਝਲਾਂ, ਵਿਅਕਤੀਗਤ ਗੁੰਝਲਾਂ, ਵਿਅਕਤੀਗਤ ਮੁਸ਼ਕਿਲਾਂ, ਅਤ੍ਰਿਪਤੀਆਂ, ਵੱਧ ਰਹੀਆਂ ਇੱਛਾਵਾਂ ਅਤੇ ਸੁੰਗੜ ਰਹੀਆਂ ਸੋਚਾਂ, ਮਨੁੱਖ ਦੀ ਅੰਦਰਲੀ ਅਤੇ ਬਾਹਰਲੀ ਕਸ਼ਮਕਸ਼, ਅੱਜ ਦੇ ਖਪਤਵਾਦੀ ਯੁੱਗ ਦਾ ਅਵਿਸ਼ਵਾਸ ਆਦਿ ਕੁਝ ਕਾਰਨ ਪੇਸ਼ ਕੀਤੇ ਗਏ ਹਨ ਜਿਨ੍ਹਾਂ ਵਿੱਚ ਮਨੁੱਖ ਦੀ ਸ਼ਖ਼ਸੀਅਤ ਵਿਖੰਡਤ ਹੋਕੇ ਰਹਿ ਗਈ ਹੈ।

ਇਸ ਅਧਿਆਇ ਵਿੱਚ ਰਵਿੰਦਰ ਰਵੀ ਵੱਲੋਂ ਕਵਿਤਾ ਵਿੱਚ ਸੰਚਾਰ ਲਈ ਵਰਤੀਆਂ ਗਈਆਂ ਸੁਹਜਾਤਮਕ ਜੁਗਤਾਂ ਨੂੰ ਵੀ ਬਿਆਨਿਆ ਗਿਆ ਹੈ। ਉਸਨੇ ਆਪਣੀ ਕਵਿਤਾ ਨੂੰ ਸੁੰਦਰ ਬਣਾਉਣ ਲਈ ਪ੍ਰਤੀਕਾਂ ਦਾ ਸਹਾਰਾ ਲਿਆ ਹੈ ਅਤੇ ਪ੍ਰਤੀਕ ਉਸਨੇ ਆਮ-ਸਮਾਜ ਵਿੱਚੋਂ ਲਏ ਹਨ। ਇਤਿਹਾਸਿਕ ਮਿਥਿਹਾਸਿਕ ਸਰੋਤ, ਲੋਕ ਕਥਾਵਾਂ, ਲੋਕ ਕਲਾਵਾਂ, ਲੋਕ ਕਾਵਿ ਰੂਪ ਆਦਿ ਉਸਦੇ ਕਾਵਿ ਨੂੰ ਆਕਰਸ਼ਕ ਬਣਾਉਂਦੇ ਹਨ। ਉਸਦੀ ਕਵਿਤਾ ਵਿੱਚ ਪ੍ਰਸ਼ਨਿਕ ਚਿੰਨ੍ਹ ਅਤੇ ਵਿਸ਼ਰਾਮ ਚਿੰਨ੍ਹਾਂ ਦੀ ਵਿਸ਼ੇਸ਼ ਵਰਤੋਂ ਧਿਆਨ ਖਿੱਚਦੀ ਹੈ। ਕਿਸੇ ਵੀ ਚਿੰਨ੍ਹ ਦੀ ਵਰਤੋਂ ਉਹ ਇਕਹਿਰੀ ਨਹੀਂ ਕਰਦਾ ਬਲਕਿ ਉਸਨੂੰ ਦੋਹਰੇ ਜਾਂ ਤੀਹਰੇ ਰੂਪ ਵਿੱਚ ਕਰਦਾ ਹੈ। ਕਾਵਿ ਪੜਦਿਆਂ ਇਨ੍ਹਾਂ ਦੀ ਹਾਜ਼ਰੀ ਵਿੱਚ ਸੁਚੇਤ ਪਾਠਕ ਦਾ ਧਿਆਨ ਵਿਸ਼ੇਸ਼ ਤੌਰ ਤੇ ਆਕਰਸ਼ਿਤ ਹੁੰਦਾ ਹੈ।

ਤੀਸਰਾ ਅਧਿਆਇ **ਕਹਾਣੀਕਾਰ ਰਵਿੰਦਰ ਰਵੀ : ਕਥਾ ਸੰਵੇਦਨਾ ਅਤੇ ਬਿਰਤਾਂਤਕ ਸੁਹਜ** ਵਿੱਚ ਰਵਿੰਦਰ ਰਵੀ ਰਚਿਤ ਕਹਾਣੀ ਸੰਗ੍ਰਹਿਆਂ ਨੂੰ ਆਧਾਰ ਬਣਾਇਆ ਗਿਆ ਹੈ। ਜਿਵੇਂ ਕਿ ਪਹਿਲਾਂ ਗੱਲ ਕੀਤੀ ਗਈ ਹੈ ਰਵਿੰਦਰ ਰਵੀ ਨੇ ਸਾਹਿਤ ਦੀ ਸ਼ੁਰੂਆਤ 1955-56 ਵਿੱਚ ਕਹਾਣੀਕਾਰ ਦੇ ਤੌਰ ਤੇ ਹੀ ਕੀਤੀ। ਉਸਦੇ ਨੌ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਵਿੱਚੋਂ ਪਹਿਲੇ ਦੋ ਕਹਾਣੀ ਸੰਗ੍ਰਹਿ 'ਚਰਾਵੀ' (1963) ਅਤੇ 'ਜੁਰਮ ਦੇ ਪਾਤਰ' (1966) ਭਾਰਤ ਵਿੱਚ ਰਹਿੰਦਿਆਂ ਪ੍ਰਕਾਸ਼ਿਤ ਹੋਏ। ਤਿੰਨ ਕਹਾਣੀ ਸੰਗ੍ਰਹਿ 'ਸ਼ਹਿਰ ਵਿੱਚ ਜੰਗਲ' (1969), 'ਕੋਨ ਪ੍ਰਤਿਕੋਨ' (1971), 'ਮੈਲੀ ਪੁਸਤਕ' (1973), ਕੀਨੀਆਂ ਵਿੱਚ ਰਹਿੰਦਿਆਂ ਅਤੇ ਚਾਰ ਕਹਾਣੀ ਸੰਗ੍ਰਹਿ 'ਜਿੱਥੇ ਦੀਵਾਰਾਂ ਨਹੀਂ' (1978), 'ਕੰਪਿਊਟਰ ਕਲਚਰ' (1985), 'ਆਪਣੇ-ਆਪਣੇ ਟਾਪੂ' (1992) ਅਤੇ 'ਗੋਰੀਆਂ ਸ਼ਹੀਦੀਆਂ' (2010) ਉਸਨੇ ਕੈਨੇਡਾ ਵਿੱਚ ਜਾ ਕੇ ਰਚੇ। ਉਸ ਦੀ ਕਥਾ ਸੰਵੇਦਨਾ ਦੇ ਦੋ ਮੁੱਖ ਆਧਾਰ ਹਨ। ਪਹਿਲਾ ਭਾਰਤੀ ਜਨ-ਜੀਵਨ ਨਾਲ ਅਤੇ ਦੂਸਰਾ

ਪਰਵਾਸੀ ਜੀਵਨ ਨਾਲ ਸੰਬੰਧਿਤ ਹੈ। ਉਸਨੇ ਆਪਣੀਆਂ ਕਹਾਣੀਆਂ ਵਿੱਚ ਔਰਤ-ਮਰਦ ਸੰਬੰਧ, ਰਿਸ਼ਤਿਆਂ ਦੀ ਟੁੱਟ-ਭੱਜ, ਆਰਥਿਕਤਾ, ਅਨੈਤਿਕਤਾ, ਮਸ਼ੀਨੀਕਰਣ, ਪੰਜਾਬ ਸੰਕਟ ਆਦਿ ਵਿਸ਼ੇ ਮੁੱਖ ਤੌਰ ਤੇ ਲਏ ਹਨ।

ਰਵਿੰਦਰ ਰਵੀ ਆਪਣੇ ਕਥਾ ਸੰਸਾਰ ਵਿੱਚ ਬਿਆਨ ਕਰਦਾ ਹੈ ਕਿ ਅੱਜ ਦੇ ਮਸ਼ੀਨੀਕਰਣ ਦੇ ਯੁੱਗ ਵਿੱਚ ਮਨੁੱਖ ਮਸ਼ੀਨ ਬਣ ਚੁੱਕਿਆ ਹੈ। ਜਿਸ ਮਸ਼ੀਨ ਨੂੰ ਮਨੁੱਖ ਨੇ ਈਜ਼ਾਦ ਕੀਤਾ ਸੀ। ਅੱਜ ਉਹ ਹੀ ਉਸ ਦੀ ਮਾਲਕ ਬਣ ਬੈਠੀ ਹੈ। ਮਸ਼ੀਨਾਂ ਵਿੱਚ ਖਚਿਤ ਹੋ ਰਹੇ ਆਧੁਨਿਕ ਮਨੁੱਖ ਨੇ ਜਿਹੜਾ ਕੰਪਿਊਟਰ ਕਲਚਰ ਪੈਦਾ ਕੀਤਾ ਹੈ ਉਸਨੇ ਉਸਨੂੰ ਰਿਸ਼ਤਾ-ਨਾਤਾ ਪ੍ਰਬੰਧ ਤੋਂ ਵੀ ਤੋੜ ਦਿੱਤਾ ਹੈ। ਜਿਸ ਕਾਰਨ ਉਹ ਇਕੱਲਤਾ ਦਾ ਸ਼ਿਕਾਰ ਹੁੰਦਾ ਜਾਂਦਾ ਹੈ ਇਸੇ ਇਕੱਲਤਾ ਤੋਂ ਬਚਣ ਲਈ ਉਹ ਮਸ਼ੀਨਾਂ ਨਾਲ ਨਾਤਾ ਜੋੜ ਲੈਂਦਾ ਹੈ ਅਤੇ ਬੇਗਾਨਗੀ ਸਹੇੜਦਾ ਜਾਂਦਾ ਹੈ। ਇਸ ਬੇਗਾਨੀਅਤ ਤੋਂ ਬਚਣ ਲਈ ਉਹ ਲਿੰਗਕ ਸੰਬੰਧਾਂ ਨੂੰ ਆਧਾਰ ਬਣਾਉਂਦਾ ਹੈ ਅਤੇ ਨਤੀਜਾ ਉਹ ਰਿਸ਼ਤਿਆਂ ਵਿੱਚ ਫਰਕ ਕਰਨਾ ਭੁੱਲ ਜਾਂਦਾ ਹੈ ਅਤੇ ਉਸ ਨੂੰ ਹਰ ਰਿਸ਼ਤੇ ਵਿੱਚ ਇੱਕ ਕਾਮਨੀ ਹੀ ਨਜ਼ਰ ਆਉਂਦੀ ਹੈ। ਰਿਸ਼ਤਿਆਂ ਦੇ ਇਸ ਵਿਘਟਨ ਲਈ ਰਵੀ ਨੇ ਪੱਛਮ ਵਿੱਚ ਫੈਲੇ ਮਸ਼ੀਨੀਕਰਣ ਨੂੰ ਦੋਸ਼ੀ ਠਹਿਰਾਇਆ ਹੈ। ਉਹ ਇਸ ਗੱਲ ਤੋਂ ਇਨਕਾਰੀ ਨਹੀਂ ਕਿ ਮਸ਼ੀਨ ਨੇ ਮਨੁੱਖ ਦੇ ਸਮੇਂ ਦੀ ਬਚਤ ਕੀਤੀ ਹੈ ਪਰ ਉਹ ਇਸ ਗੱਲ ਉੱਪਰ ਜ਼ਰੂਰ ਜ਼ੋਰ ਦਿੰਦਾ ਹੈ ਕਿ ਬੇਸ਼ਕ ਮਨੁੱਖ ਇਸ ਨੂੰ ਵਰਤੇ ਪਰ ਮਸ਼ੀਨ ਨਾਲ ਮਸ਼ੀਨ ਹੀ ਨਾ ਬਣ ਜਾਵੇ ਅਤੇ ਮਸ਼ੀਨ ਮਨੁੱਖ ਜਾਂ ਰਿਸ਼ਤੇ ਦਾ ਬਦਲ ਨਾ ਬਣ ਜਾਵੇ। ਪੱਛਮ ਦੀ ਖੁੱਲੀ ਜੀਵਨ ਸ਼ੈਲੀ ਨੂੰ ਉਸ ਨੇ ਖੁੱਲ੍ਹ ਕੇ ਬਿਰਤਾਂਤਿਆ ਹੈ। ਆਧੁਨਿਕ ਸਮਾਜ ਦੀਆਂ ਗੰਭੀਰ ਸੱਚਾਈਆਂ ਜਿਵੇਂ ਕਿ ਰਿਸ਼ਤਿਆਂ ਦੀ ਟੁੱਟ ਭੱਜ, ਨੈਤਿਕ ਗਿਰਾਵਟ, ਲਿੰਗਕ ਖੁੱਲ੍ਹ, ਰੰਗਭੇਦ, ਨਸ਼ਾਖੋਰੀ ਆਦਿਕ ਸਮੱਸਿਆਵਾਂ ਨੂੰ ਉਸਨੇ ਕਹਾਣੀ ਦਾ ਵਿਸ਼ਾ ਵਸੂਤ ਬਣਾਇਆ। ਭਾਰਤੀ ਪ੍ਰਸੰਗ ਵਿੱਚ ਪੰਜਾਬ ਸੰਕਟ ਵੀ ਉਸਦੀਆਂ ਕਹਾਣੀਆਂ ਵਿੱਚ ਕਿਤੇ-ਕਿਤੇ ਵੇਖਣ ਨੂੰ ਮਿਲਦਾ ਹੈ। ਉਸਦੇ ਪਹਿਲੇ ਦੋ ਕਹਾਣੀ ਸੰਗ੍ਰਹਿ 'ਚਰਾਵੀ' ਅਤੇ 'ਜੁਰਮ ਦੇ ਪਾਤਰ' ਜੋ ਉਸਨੇ ਭਾਰਤ ਵਿੱਚ ਰਹਿੰਦਿਆਂ ਲਿਖੇ ਇਨ੍ਹਾਂ ਕਹਾਣੀ ਸੰਗ੍ਰਹਿਆਂ ਵਿੱਚ ਉਸ ਨਿਰਾਸ਼ਾ ਦੀ ਅਭਿਵਿਅਕਤੀ ਮੁੱਖ ਤੌਰ 'ਤੇ ਉਭਰ ਕੇ ਸਾਹਮਣੇ ਆਈ ਜਿਹੜੀ ਦੇਸ਼ ਦੀ ਆਜ਼ਾਦੀ ਤੋਂ ਬਾਅਦ ਆਮ ਨਾਗਰਿਕ ਦੇ ਪੱਲੇ ਪਈ ਸੀ। ਆਮ ਆਦਮੀ ਦੀ ਦਿਨ ਪ੍ਰਤਿਦਿਨ ਬਦਤਰ ਹੁੰਦੀ ਆਰਥਿਕ ਹਾਲਤ, ਅਨਪੜ੍ਹਤਾ ਤੇ ਅਗਿਆਨਤਾ ਨੂੰ ਉਸਨੇ ਬੜੇ ਮਾਰਮਿਕ ਢੰਗ ਨਾਲ ਉਜਾਗਰ ਕੀਤਾ ਹੈ। ਰਵੀ ਦੀ ਕਹਾਣੀ ਦੀ ਖੂਬਸੂਰਤੀ ਇਹ ਹੈ ਕਿ ਉਸਦੀ ਕਹਾਣੀ ਹੱਦਾਂ, ਸਰਹੱਦਾਂ ਦੀਆਂ ਸੀਮਾਵਾਂ ਵਿੱਚ ਨਹੀਂ ਬੱਝਦੀ। ਭਾਰਤ/ਪੰਜਾਬ ਦੀ ਮਿੱਟੀ ਨਾਲ ਜੁੜੇ ਰਹਿ ਕੇ ਵੀ ਉਹ ਵਿਸ਼ਵ ਮਨੁੱਖ ਦੀ ਗੱਲ ਕਰਦਾ ਹੈ।

ਰਵਿੰਦਰ ਰਵੀ ਦੇ ਬਿਰਤਾਂਤਕ ਸੁਹਜ ਵਿੱਚ ਉਸਦੀ ਕਥਾ ਸ਼ੈਲੀ ਮੁੱਖ ਤੌਰ ਤੇ ਵਰਣਨਾਤਮਕ ਸ਼ੈਲੀ ਵਜੋਂ ਉਭਰਦੀ ਹੈ। ਉਸਦਾ ਕਾਵਿਕ ਅੰਦਾਜ਼ ਅਤੇ ਨਾਟਕੀ ਤੱਤ ਇਸ ਸ਼ੈਲੀ ਨੂੰ ਚਾਰ ਚੰਨ ਲਾਉਂਦਾ ਹੈ। ਰਵਿੰਦਰ ਰਵੀ ਇੱਕ ਅਜਿਹਾ ਕਹਾਣੀਕਾਰ ਹੈ ਜੋ ਪਾਤਰਾਂ ਦੀ ਬਾਹਰੀ ਦਿੱਖ ਨਾਲੋਂ ਉਸਦੇ ਮਨ ਅੰਦਰਲੀਆਂ ਡੂੰਘਾਣਾਂ ਨੂੰ ਵਧੇਰੇ ਬਿਆਨਦਾ ਹੈ, ਪਾਤਰਾਂ ਨੂੰ ਵਿਸ਼ੇਸ਼ ਚਰਿੱਤਰਾਂ ਵਜੋਂ ਉਘਾੜਨ ਵਿੱਚ ਉਸਦੀ ਕੋਈ ਦਿਲਚਸਪੀ ਨਹੀਂ। ਸ਼ਾਇਦ ਇਸੇ ਕਰਕੇ ਉਹ ਆਪਣੇ ਪਾਤਰਾਂ ਦੇ ਨਾਂ ਅਕਸਰ ਦੁਹਰਾਉਂਦਾ ਰਹਿੰਦਾ ਹੈ ਜਾਂ ਪਾਤਰਾਂ ਨੂੰ ਨਾਮਹੀਣ ਵੀ ਰਹਿਣ ਦਿੰਦਾ ਹੈ। ਉਹ ਆਪਣੇ ਪਾਤਰਾਂ ਨੂੰ ਘਟਨਾਵਾਂ ਦੀ ਇੱਕ ਵਿਉਂਤ ਸਿਰਜਣ ਲਈ ਘੜਦਾ ਹੈ ਅਤੇ ਘਟਦੀਆਂ ਘਟਨਾਵਾਂ ਵਿੱਚ ਹੀ ਉਸਦਾ ਚਿਹਰਾ ਮੋਹਰਾ ਨਿਖੇੜਦਾ ਹੈ। ਆਪਣੇ ਪਾਤਰਾਂ ਦੀ ਉਲਝਣਾਂ ਨੂੰ ਵੱਖ-ਵੱਖ ਪ੍ਰਸੰਗਾਂ, ਕੋਣਾਂ, ਪੱਧਰਾਂ ਤੋਂ ਪੇਸ਼ ਕਰਕੇ ਉਸਨੇ ਆਪਣੀ ਕਹਾਣੀ ਦੇ ਸੁਹਜ ਅਤੇ ਸੰਚਾਰ ਨੂੰ ਕਈ ਗੁਣਾਂ ਵਧਾਇਆ ਹੈ। ਉਸਦੀ ਕਹਾਣੀ ਸਰਲ ਸਿੱਧੀ ਅਤੇ ਇਕਹਿਰੀ ਹੁੰਦੀ ਹੈ। ਉਸਦਾ ਮੰਤਵ ਆਪਣੇ ਪਾਤਰਾਂ ਰਾਹੀਂ ਬਦਲ ਰਹੀ ਜ਼ਿੰਦਗੀ ਨੂੰ ਪੇਸ਼ ਕਰਨਾ ਹੁੰਦਾ ਹੈ।

ਇਸ ਖੋਜ-ਪ੍ਰਬੰਧ ਦਾ ਚੌਥਾ ਅਧਿਆਇ **ਰਵਿੰਦਰ ਰਵੀ ਦੇ ਕਾਵਿ ਨਾਟਕ : ਸੰਵੇਦਨਾ ਅਤੇ ਰੰਗਮੰਚੀ ਸੁਹਜ** ਰਵਿੰਦਰ ਰਵੀ ਨੂੰ ਇੱਕ ਕਾਵਿ ਨਾਟਕਕਾਰ ਵਜੋਂ ਮੁਲਾਂਕਿਤ ਕਰਦਾ ਹੈ। ਇਸ ਅਧਿਆਇ ਵਿੱਚ ਰਵਿੰਦਰ ਰਵੀ ਦੇ ਸੰਪੂਰਨ ਕਾਵਿ ਨਾਟਕਾਂ ਨੂੰ ਅਧਿਐਨ ਦੀ ਵਸਤੂ ਬਣਾਇਆ ਗਿਆ ਹੈ। 1974 ਵਿੱਚ ਪ੍ਰਕਾਸ਼ਿਤ ਉਸਦੇ ਪਹਿਲੇ ਕਾਵਿ ਨਾਟਕ 'ਬੀਮਾਰ ਸਦੀ' ਉਪਰੰਤ ਉਸਨੇ ਗਿਆਰਾਂ ਹੋਰ ਕਾਵਿ ਨਾਟਕਾਂ ਦੀ ਕੈਨੇਡਾ ਵਿੱਚ ਰਹਿੰਦਿਆਂ ਹੀ ਸਿਰਜਣਾ ਕੀਤੀ। ਰਵਿੰਦਰ ਰਵੀ ਦੇ ਪਹਿਲੇ ਤਿੰਨ ਕਾਵਿ ਨਾਟਕ 'ਬੀਮਾਰ ਸਦੀ' (1974), 'ਦਰ ਦੀਵਾਰਾਂ' (1981) ਅਤੇ 'ਅੱਧੀ ਰਾਤ ਦੁਪਹਿਰ' (1983) ਤਿਕੜੀ ਕਾਵਿ ਨਾਟ ਹਨ ਅਤੇ ਇਨ੍ਹਾਂ ਵਿੱਚ ਥੀਮਕੀ ਸਾਂਝ ਵੀ ਹੈ। ਇਸ ਤਿਕੜੀ ਨਾਟਕ ਤੋਂ ਬਾਅਦ ਉਸਨੇ 'ਚੌਕ ਨਾਟਕ' (1984), 'ਰੂਹ ਪੰਜਾਬ ਦੀ' (1984), 'ਸਿਫ਼ਰ ਨਾਟਕ' (1987), 'ਮਕੜੀ ਨਾਟਕ' (1990), 'ਰੁਕੇ ਹੋਏ ਯਥਾਰਥ' (1990), 'ਪਛਾਣ ਨਾਟਕ' (1990), 'ਮਨ ਦੇ ਹਾਣੀ' (2005), 'ਮਖੌਟੇ ਤੇ ਹਾਦਸੇ' (2008), 'ਚੱਕਰਵਯੂਹ ਤੇ ਪਿਰਾਮਿਡ' (2010) ਪਾਠਕਾਂ ਦੇ ਰੂ-ਬ-ਰੂ ਕੀਤੇ। ਜਿਸ ਤਰ੍ਹਾਂ ਰਵਿੰਦਰ ਰਵੀ ਨੇ ਆਪਣੇ ਪਹਿਲੇ ਤਿੰਨ ਕਾਵਿ ਨਾਟਕ ਤਿਕੜੀ ਕਾਵਿ ਨਾਟਕ 'ਸੂਰਜ ਨਾਟਕ' ਵਿੱਚ ਪੇਸ਼ ਕੀਤੇ ਹਨ। ਇਸੇ ਤਰ੍ਹਾਂ ਉਸਨੇ ਆਪਣੇ ਤਿੰਨ ਹੋਰ ਕਾਵਿ ਨਾਟਕ 'ਮਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ' ਨੂੰ ਤਿੰਨ ਨਾਟਕਾਂ ਤਹਿਤ ਦਰਜ ਕੀਤਾ ਹੈ। ਇਨ੍ਹਾਂ ਨੂੰ ਇੱਕਠਿਆ ਕਰਨ ਦਾ ਰਵਿੰਦਰ ਰਵੀ ਦਾ ਮਕਸਦ ਵੀ ਇਨ੍ਹਾਂ ਵਿੱਚਲੀ ਥੀਮਕ ਸਾਂਝ ਨੂੰ ਪ੍ਰਗਟਾਉਣਾ ਹੈ। ਰਵਿੰਦਰ ਰਵੀ ਦੇ ਜ਼ਿਆਦਾਤਰ ਕਾਵਿ ਨਾਟਕਾਂ ਦਾ ਵਿਸ਼ਾ ਉਹ ਹੀ ਹੈ ਜੋ ਉਸਦੇ ਕਾਵਿ ਅਤੇ ਕਹਾਣੀਆਂ ਦਾ ਹੈ। ਵਾਤਾਵਰਨਿਕ ਅਤੇ ਮਾਨਸਿਕ ਪ੍ਰਦੂਸ਼ਣ, ਭਟਕਣਾ,

ਮਸ਼ੀਨੀਕਰਣ, ਅਜਨਬੀਕਰਣ ਉਸਦੇ ਕਾਵਿ ਨਾਟਕਾਂ ਦੇ ਵਿਸ਼ੇ ਬਣੇ ਹਨ। ਰਵਿੰਦਰ ਰਵੀ ਆਪਣੇ ਕਾਵਿ ਨਾਟਕਾਂ ਵਿੱਚ ਬਾਹਰੀ ਪ੍ਰਦੂਸ਼ਣ ਦੀ ਗੱਲ ਕਰਦਾ ਮਨੁੱਖ ਦੇ ਅੰਦਰਲੇ ਪ੍ਰਦੂਸ਼ਿਤ ਮਨ ਨੂੰ ਉਭਾਰਦਾ ਹੈ ਅਤੇ ਇਸ ਉੱਪਰ ਕਾਬੂ ਪਾਉਣ ਦੀ ਗੱਲ ਕਰਦਾ ਹੈ। ਇਸਦੇ ਨਾਲ-ਨਾਲ ਰਵਿੰਦਰ ਰਵੀ ਨੇ ਆਪਣੇ ਕਾਵਿ ਨਾਟਕਾਂ ਵਿੱਚ ਡਰ ਅਤੇ ਅਸੁੱਰਖਿਅਤਾ ਦੇ ਸਾਏ ਹੇਠ ਜੀ ਰਹੇ ਮਨੁੱਖ ਨੂੰ ਫ਼ੋਕਸ ਵਿੱਚ ਲਿਆ ਹੈ ਅਤੇ ਇਸ ਡਰ ਨੂੰ ਮਨੁੱਖ ਦੀਆਂ ਆਪਣੀਆਂ ਖੋਜਾਂ ਅਤੇ ਕਾਢਾਂ ਵਿੱਚੋਂ ਉਪਜੇ ਦਰਸਾਇਆ ਹੈ। ਰਵਿੰਦਰ ਰਵੀ ਦਾ ਖਿਆਲ ਹੈ ਕਿ ਅੱਜ ਦਾ ਮਨੁੱਖ ਜਿਸ ਨੂੰ ਆਪਣੀ ਤਰੱਕੀ ਕਹਿ ਰਿਹਾ ਹੈ। ਅਸਲ ਵਿੱਚ ਉਹ ਇੱਕ ਵਿਨਾਸ਼ ਦੀ ਕਗਾਰ ਤੇ ਖੜਾ ਹੈ। ਮਨੁੱਖ ਆਪਣੇ ਹੀ ਘੜੇ ਚੱਕਰ ਵਿੱਚ ਭਟਕ ਰਿਹਾ ਹੈ, ਭੱਜ ਰਿਹਾ ਹੈ ਅਤੇ ਕੋਈ ਮੰਜ਼ਿਲ ਪਾਣੋਂ ਅਸਮਰੱਥ ਹੈ। ਰਵਿੰਦਰ ਰਵੀ ਦੇ ਕਾਵਿ ਨਾਟਕਾਂ ਦੇ ਵਿਸ਼ੇ ਉਸਦੀ ਕਹਾਣੀ ਦੇ ਵਿਸ਼ਾ-ਵਸਤੂ ਜਾਂ ਕਾਵਿ ਦੇ ਵਿਵੇਕ ਤੋਂ ਵੱਖਰੇ ਨਹੀਂ ਪਰ ਰਵੀ ਨੇ ਰੰਗਮੰਚੀ ਤਕਨੀਕਾਂ ਨੂੰ ਵਰਤਕੇ ਇਨ੍ਹਾਂ ਨੂੰ ਹੋਰ ਪ੍ਰਭਾਵਪੂਰਣ ਬਣਾਉਣ ਦਾ ਯਤਨ ਕੀਤਾ ਹੈ ਅਤੇ ਇਸ ਪੱਖੋਂ ਉਹ ਸਫਲ ਵੀ ਹੋਇਆ ਹੈ। ਉਸਦੇ ਕਾਵਿ ਨਾਟਕ ਪ੍ਰਤੀਕਾਤਮਕ ਹਨ। ਇਹ ਪ੍ਰਤੀਕਾਤਮਕਤਾ ਉਸਦੇ ਪਾਤਰਾਂ ਦੇ ਘੜਨ ਵਿੱਚ ਹੀ ਨਹੀਂ ਉਨ੍ਹਾਂ ਦੇ ਪਹਿਰਾਵੇ ਅਤੇ ਵੇਸ਼-ਭੂਸ਼ਾ ਵਿੱਚ ਵੀ ਸ਼ਾਮਲ ਹੈ। ਉਹ ਆਪਣੇ ਕਾਵਿ ਨਾਟਕਾਂ ਦੇ ਰੰਗਮੰਚੀ ਪ੍ਰਦਰਸ਼ਨ ਲਈ ਸੁਚੇਤ ਤੌਰ ਉੱਤੇ ਟਿਪਣੀਆਂ ਦਿੰਦਾ ਹੈ। ਉਸਦੇ ਕਾਵਿ ਨਾਟਕਾਂ ਵਿੱਚ ਮੰਚ-ਸੱਜਾ, ਵੇਸ਼ ਭੂਸ਼ਾ, ਮੰਚੀ ਜੁਗਤਾਂ ਅਤੇ ਅਭਿਨੈ ਸੰਬੰਧੀ ਸੁਝਾਅ ਆਮ ਮਿਲਦੇ ਹਨ। ਅਜਿਹਾ ਕਰਨ ਪਿੱਛੇ ਉਸਦਾ ਮਕਸਦ ਇਹੀ ਹੈ ਕਿ ਇਨ੍ਹਾਂ ਕਾਵਿ ਨਾਟਕਾਂ ਨੂੰ ਮੰਚ ਉੱਤੇ ਪੇਸ਼ ਕਰਨ ਸਮੇਂ ਕੋਈ ਦਿੱਕਤ ਨਾ ਆਵੇ। ਰਵਿੰਦਰ ਰਵੀ ਦੀ ਨਾਟ ਵਿਧੀ ਪ੍ਰਤੀਕਾਂ ਦੀ ਸਿਰਜਣਾ ਦੇ ਨਾਲ-ਨਾਲ ਵਿਅੰਗ ਨੂੰ ਵੀ ਆਪਣੀ ਜੁਗਤ ਬਣਾਉਂਦੀ ਹੈ। ਵਿਕਸਿਤ ਪੂੰਜੀਵਾਦ, ਖੁੱਲਾਂ ਭਰੇ ਪੱਛਮੀ ਸਮਾਜ, ਤਕਨਾਲੋਜੀ ਦੀ ਸਿਖਰ ਅਤੇ ਮਸ਼ੀਨਾਂ ਵਿੱਚ ਮਸ਼ੀਨ ਬਣੇ ਮਨੁੱਖ ਉੱਤੇ ਉਹ ਸਹਿਜੇ ਹੀ ਵਿਅੰਗ ਕਰ ਜਾਂਦਾ ਹੈ। ਉਹ ਆਪਣੇ ਕਾਵਿ ਨਾਟਕਾਂ ਵਿੱਚ ਸਮੇਂ ਅਤੇ ਸਥਾਨ ਬਾਰੇ ਵੀ ਦੱਸਦਾ ਹੈ। ਉਹ ਇਤਿਹਾਸਿਕ ਮਿਥਿਹਾਸਿਕ ਅਤੇ ਪ੍ਰਤੀਕਾਤਮਕ ਪਾਤਰਾਂ ਦੇ ਨਾਲ-ਨਾਲ ਲੋਕ-ਧਾਰਾ ਦੀ ਸਮੱਗਰੀ ਨੂੰ ਵੀ ਵਰਤਦਾ ਹੈ। ਉਸਦੇ ਕਾਵਿ ਨਾਟਕਾਂ ਵਿੱਚ ਲੋਕ-ਗੀਤ, ਲੋਕ-ਕਲਾਵਾਂ, ਲੋਕ-ਸਾਜਾਂ ਦੀ ਵਰਤੋਂ ਕੀਤੀ ਗਈ ਹੈ। ਜਾਗੋ ਮਾਹੀਏ ਦੇ ਨਾਲ-ਨਾਲ ਢੋਲਕੀ, ਛੈਣੇ, ਤੂੰਬੀ ਉਸਦੇ ਕਾਵਿ ਨਾਟਕਾਂ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹਨ।

ਇਸ ਖੋਜ-ਪ੍ਰਬੰਧ ਦੇ ਪੰਜਵੇਂ ਅਧਿਆਇ **ਵਾਰਤककार ਰਵਿੰਦਰ ਰਵੀ : ਸਰੋਕਾਰ ਅਤੇ ਸੰਚਾਰ** ਵਿੱਚ ਰਵਿੰਦਰ ਰਵੀ ਦੇ ਵਾਰਤਕ ਵਿਧਾਵਾਂ ਵਿੱਚ ਰਚੇ ਸਾਹਿਤ ਨੂੰ ਮੁਲਾਂਕਣ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਵਿੱਚ ਉਸ ਦੁਆਰਾ ਰਚਿਤ ਸਵੈਜੀਵਨੀਆਂ, ਸਫ਼ਰਨਾਮਾ, ਆਲੋਚਨਾਤਮਕ ਅਤੇ ਸੰਪਾਦਿਤ ਪੁਸਤਕਾਂ ਨੂੰ

ਵਿਚਾਰਿਆ ਗਿਆ ਹੈ। ਰਵਿੰਦਰ ਰਵੀ ਨੇ ਪੰਜਾਬੀ ਸਾਹਿਤ ਨੂੰ ਸ੍ਵੈਜੀਵਨੀ ਦੀ ਵਿਧਾ ਅਧੀਨ ਦੋ ਪੁਸਤਕਾਂ 'ਮੇਰੀ ਸਾਹਿਤਕ ਸ੍ਵੈ-ਜੀਵਨੀ' (1994), 'ਮੇਰਾ ਜੀਵਨ ਮੇਰਾ ਸਾਹਿਤ ਸਾਹਿਤਕ ਸ੍ਵੈ-ਜੀਵਨੀ' (2010) ਦਿੱਤੀਆਂ ਹਨ। ਇਹ ਦੋਵੇਂ ਰਚਨਾਵਾਂ ਉਸਦੇ ਸੰਪੂਰਨ ਜੀਵਨ ਦਾ ਬਿਓਰਾ ਨਹੀਂ, ਇਹ ਉਸਦੇ ਸਾਹਿਤਿਕ ਜੀਵਨ ਦਾ ਵਰਣਨ ਹਨ। ਇਨ੍ਹਾਂ ਸਵੈਜੀਵਨੀਆਂ ਵਿੱਚ ਉਸਨੇ ਆਪਣੇ ਪ੍ਰੇਰਣਾ ਸਰੋਤਾਂ, ਆਪਣੀ ਰਚਨਾ ਪ੍ਰਕਿਰਿਆ, ਆਪਣੀਆਂ ਕਾਵਿ ਰਚਨਾਵਾਂ, ਕਹਾਣੀਆਂ, ਕਾਵਿ ਨਾਟਕਾਂ ਦੇ ਬੀਜ ਸਰੋਤਾਂ ਨੂੰ ਖੁੱਲ੍ਹ ਕੇ ਬਿਆਨਿਆ ਹੈ। ਇੱਕੋ ਘਟਨਾ, ਇੱਕੋ ਵਿਚਾਰ ਵਿੱਚ ਉਸਨੇ ਕਦੋਂ ਕਵਿਤਾ, ਕਦੋਂ ਕਹਾਣੀ ਅਤੇ ਕਦੋਂ ਕਾਵਿ ਨਾਟਕ ਸਿਰਜਿਆ, ਇਸ ਬਾਰੇ ਮੂਲ ਸਰੋਤ ਉਸਦੀਆਂ ਇਨ੍ਹਾਂ ਰਚਨਾਵਾਂ ਵਿੱਚ ਮਿਲਦੇ ਹਨ। ਇਨ੍ਹਾਂ ਸ੍ਵੈਜੀਵਨੀਆਂ ਵਿੱਚ ਹੀ ਉਹ ਉਨ੍ਹਾਂ, ਵੱਖ-ਵੱਖ ਦੇਸ਼ਾਂ, ਲੋਕਾਂ, ਸਮਾਜਾਂ ਦੀ ਗੱਲ ਕਰਦਾ ਹੈ, ਜਿਨ੍ਹਾਂ ਵਿੱਚ ਉਹ ਆਪਣੇ ਜੀਵਨ ਸਫ਼ਰ ਦੌਰਾਨ ਵਿਚਰਿਆ ਹੈ।

ਰਵਿੰਦਰ ਰਵੀ ਨੇ 2006 ਵਿੱਚ ਪੰਜਾਬੀ ਸਾਹਿਤ ਨੂੰ 'ਸਿਮਰਤੀਆਂ ਦੇ ਦੇਸ਼' ਨਾਮੀ ਸਫ਼ਰਨਾਮਾ ਦਿੱਤਾ। ਇਸ ਸਫ਼ਰਨਾਮੇ ਵਿੱਚ ਉਸਨੇ ਭਾਰਤ ਤੋਂ ਤੁਰਕੇ ਕੀਨੀਆ, ਇੰਗਲੈਂਡ, ਫਰਾਂਸ, ਸਵੀਡਨ, ਅਮਰੀਕਾ, ਕੈਨੇਡਾ ਆਦਿ ਸਾਰੇ ਦੇਸ਼ਾਂ ਦਾ ਹਾਲ ਬਿਆਨ ਕੀਤਾ ਹੈ। ਇਸ ਬਿਆਨ ਵਿੱਚ ਉਹ ਉਨ੍ਹਾਂ ਦੇਸ਼ਾਂ ਦੇ ਭੂਗੋਲਿਕ ਵਰਣਨ ਤੋਂ ਵੱਧ ਉੱਥੋਂ ਦੇ ਸਮਾਜਾਂ ਵਿੱਚ ਔਰਤ-ਮਰਦ ਸੰਬੰਧਾਂ ਅਤੇ ਤਕਨੀਕੀ ਤਰੱਕੀਆਂ ਦੀ ਗੱਲ ਵਧੇਰੇ ਬਿਆਨਦਾ ਹੈ। ਰਵਿੰਦਰ ਰਵੀ ਨੇ ਪੰਜਾਬੀ ਸਾਹਿਤ ਨੂੰ ਆਲੋਚਨਾਤਮਕ ਅਤੇ ਸੰਪਾਦਿਤ ਪੁਸਤਕਾਂ ਵੀ ਦਿੱਤੀਆਂ ਹਨ।

ਆਲੋਚਨਾ ਨਾਲ ਸੰਬੰਧਤ ਉਸਦੀ ਮੁੱਢਲੀ ਪੁਸਤਕ 'ਪ੍ਰਯੋਗਸ਼ੀਲ ਕਾਵਿ ਦਰਪਨ' (1964) ਹੈ। ਇਸ ਪੁਸਤਕ ਵਿੱਚ ਰਵਿੰਦਰ ਰਵੀ ਨੇ ਪ੍ਰਯੋਗਸ਼ੀਲ ਲਹਿਰ ਦੇ ਸਿਧਾਂਤਕ ਆਧਾਰਾਂ ਨੂੰ ਨਿਖੇੜਨ ਦਾ ਯਤਨ ਕੀਤਾ ਹੈ। ਰਵਿੰਦਰ ਰਵੀ ਕਿਉਂਕਿ ਪ੍ਰਯੋਗਸ਼ੀਲ ਸਾਹਿਤਕਾਰ ਹੈ, ਇਸ ਲਈ ਉਹ ਕਿਸੇ ਇੱਕ ਚੌਖਟੇ ਵਿੱਚ ਬੱਝ ਕੇ ਨਹੀਂ ਰਹਿੰਦਾ ਬਲਕਿ ਸਮੇਂ ਅਨੁਸਾਰ ਆਪਣੇ ਆਪ ਨੂੰ ਢਾਲਦਾ ਹੈ। ਪ੍ਰਯੋਗਸ਼ੀਲਤਾ ਦੀ ਗੱਲ ਕਰਦਿਆਂ ਉਹ ਇਹ ਵੀ ਕਹਿੰਦਾ ਹੈ ਕਿ ਤੁਕਾਂਤ ਕਵਿਤਾ ਲਈ ਜ਼ਰੂਰੀ ਨਹੀਂ। 'ਮੇਰਾ ਕਾਵਿ ਨਾਟ ਲੋਕ' (1990) ਪੁਸਤਕ ਰਵਿੰਦਰ ਰਵੀ ਦੇ ਸਪੂੰਰਨ ਨਾਟ ਸਾਹਿਤ ਨੂੰ ਆਲੋਚਨਾਤਮਕ ਨਜ਼ਰੀਏ ਨਾਲ ਬਿਆਨ ਕਰਦੀ ਹੈ। ਸੰਪਾਦਨਾ ਦੇ ਘੇਰੇ ਵਿੱਚ ਰਵਿੰਦਰ ਰਵੀ ਦੀ ਸਭ ਤੋਂ ਅਹਿਮ ਪੁਸਤਕ 'ਵਿਸ਼ਵ ਪੰਜਾਬੀ ਸਾਹਿਤ' (1981) ਹੈ। ਇਸ ਵਿੱਚ ਰਵਿੰਦਰ ਰਵੀ ਨੇ ਵੱਖ-ਵੱਖ ਦੇਸ਼ਾਂ ਦੇ ਪੰਜਾਬੀ ਲਿਖਾਰੀਆਂ ਦੀਆਂ ਰਚਨਾਵਾਂ ਨੂੰ ਅੱਖਰ ਕ੍ਰਮ ਅਨੁਸਾਰ ਦਰਜ ਕੀਤਾ ਹੈ। 'ਕਵਿਤਾ ਸਨਮੁਖ' (1994), 'ਕਥਾ ਸਨਮੁਖ' (2001) ਉਸਦੀ ਸੰਪਾਦਨਾ ਦੇ ਘੇਰੇ ਵਿੱਚ ਆਉਂਦੀਆਂ ਦੋ ਹੋਰ ਪੁਸਤਕਾਂ ਹਨ। ਰਵਿੰਦਰ ਰਵੀ ਆਪਣੇ ਹੀ ਕੰਮ ਨੂੰ ਵੱਖ-ਵੱਖ ਥੀਮਕ ਇਕਾਈਆਂ ਵਿੱਚ

ਬੰਨਦਾ ਵਿਉਂਤਦਾ ਰਹਿੰਦਾ ਹੈ ਅਤੇ ਆਪਣੇ ਸਾਹਿਤ ਬਾਰੇ ਹੋ ਰਹੀ ਆਲੋਚਨਾ ਅਤੇ ਖੋਜ ਨੂੰ ਵੀ ਸੂਚੀਬੱਧ ਕਰਨ ਦਾ ਉਚੇਚਾ ਯਤਨ ਕਰਦਾ ਰਹਿੰਦਾ ਹੈ। ਰਵਿੰਦਰ ਰਵੀ ਨੇ ਐਟਸੈਟਰਾ ਲੜੀ ਤਹਿਤ ਚਾਰ ਪੁਸਤਕਾਂ ਵੀ ਸੰਪਾਦਿਤ ਕੀਤੀਆਂ ਹਨ। ਇਹਨਾਂ ਵਿੱਚ ਰਵੀ ਦੇ ਜੀਵਨ, ਦੂਸਰੇ ਲਿਖਾਰੀਆਂ ਦੀਆਂ ਰਚਨਾਵਾਂ ਅਤੇ ਉਸਨੇ ਆਪਦੇ ਸੰਪੂਰਨ ਸਾਹਿਤ ਨਾਲ ਸੰਬੰਧਿਤ ਰਚਨਾਵਾਂ ਬਾਰੇ ਪਾਠਕ ਨੂੰ ਜਾਣਕਾਰੀ ਪ੍ਰਾਪਤ ਹੁੰਦੀ ਹੈ। 'ਮੇਰਾ ਥੀਏਟਰ ਤੇ ਇੱਕੀਵੀਂ ਸਦੀ' (2010) ਪੁਸਤਕ ਵਿੱਚ ਰਵਿੰਦਰ ਰਵੀ ਦੇ ਸੰਪੂਰਨ ਕਾਵਿ ਨਾਟਕਾਂ ਬਾਰੇ ਆਲੋਚਨਾਤਮਕ ਲੇਖ ਦਰਜ਼ ਹਨ। ਇਸ ਪੁਸਤਕ ਵਿੱਚੋਂ ਰਵਿੰਦਰ ਰਵੀ ਦੇ ਕਾਵਿ ਨਾਟਕਾਂ ਦੇ ਥੀਏਟਰ ਸੰਬੰਧੀ ਵੀ ਜਾਣਕਾਰੀ ਪਾਪਤ ਹੁੰਦੀ ਹੈ।

ਰਵਿੰਦਰ ਰਵੀ ਦੀ ਸਮੁੱਚੀ ਸਾਹਿਤਿਕ ਰਚਨਾ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਰਵਿੰਦਰ ਰਵੀ ਆਪਣੇ ਸਮੇਂ ਅਤੇ ਸਥਾਨ ਨੂੰ ਆਪਣੀ ਦ੍ਰਿਸ਼ਟੀ ਨਾਲ ਵੇਖਣ, ਪਰਖਣ ਅਤੇ ਪ੍ਰਗਟਾਉਣ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦਾ ਹੈ। ਉਸਨੇ ਲਕੀਰ ਦਾ ਫਕੀਰ ਬਣਨ ਦੀ ਥਾਂ ਵੱਖਰੀ ਤਰ੍ਹਾਂ ਸੋਚਣ ਅਤੇ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਉਸਨੇ ਤਕਨਾਲੋਜੀ ਅਤੇ ਸੰਚਾਰ ਸਾਧਨਾਂ ਦੀ ਪਕੜ ਵਿੱਚ ਆਏ ਆਧੁਨਿਕ ਮਨੁੱਖ ਨੂੰ ਪੇਸ਼ ਕਰਨ ਲਈ ਵੱਖ-ਵੱਖ ਵਿਧਾਵਾਂ ਵਿੱਚ ਰਚਨਾ ਕੀਤੀ ਹੈ। ਉਸਦੀ ਇਹ ਪੱਕੀ ਸੋਚ ਹੈ ਕਿ ਮਸ਼ੀਨ ਅਤੇ ਪਦਾਰਥਵਾਦੀ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਤੋਂ ਦੂਰ ਕਰ ਦਿੱਤਾ ਹੈ। ਅੱਜ ਦਾ ਮਨੁੱਖ ਵਿਅਕਤੀਗਤ ਆਜ਼ਾਦੀ ਅਤੇ ਖੁੱਲਾਂ ਮਾਣਦਾ ਘੋਰ ਨਿਰਾਸ਼ਤਾ ਅਤੇ ਇਕੱਲਤਾ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਉਸਦਾ ਆਪਾ ਉਸ ਤੋਂ ਵੱਖ ਹੁੰਦਾ ਜਾ ਰਿਹਾ ਹੈ। ਉਸਨੇ ਭਾਰਤ ਵਿੱਚ ਰਹਿੰਦਿਆਂ ਪ੍ਰਚਲਿਤ ਪ੍ਰਵਿਰਤੀਆਂ ਦੀ ਥਾਂ ਨਵੀਂ ਤਰ੍ਹਾਂ, ਸੋਚਣ ਦਾ ਯਤਨ ਕੀਤਾ ਅਤੇ ਪਰਵਾਸ ਵਿੱਚ ਰਹਿੰਦਿਆਂ ਵੀ ਭੂ-ਹੇਰਵੇ, ਪੀੜ੍ਹੀ ਪਾੜਾ, ਨਸਲਵਾਦ ਵਰਗੇ ਆਮ ਚਰਚਿਤ ਵਿਸ਼ਿਆਂ ਨੂੰ ਛੋਹਣ ਦੀ ਥਾਂ ਆਧੁਨਿਕ ਮਨੁੱਖ ਦੀਆਂ ਨਿੱਜੀ, ਵਿਅਕਤੀਗਤ ਸਮੱਸਿਆਵਾਂ ਨੂੰ ਫੋਕਸ ਵਿੱਚ ਲਿਆਉਣ ਦਾ ਯਤਨ ਕੀਤਾ। ਔਰਤ-ਮਰਦ ਸੰਬੰਧਾਂ ਵੱਲ ਵਿਸ਼ੇਸ਼ ਧਿਆਨ ਦੇਣ ਵਾਲੇ ਇਸ ਸਾਹਿਤਕਾਰ ਨੇ ਆਪਣੇ-ਆਪਣੇ ਤੌਰ ਤੇ ਸੰਪੂਰਨ ਹੋਣ ਵਾਲੇ ਮਨੁੱਖ ਦੇ ਯਤਨਾਂ ਨੂੰ ਬਿਆਨਣ ਦੀ ਕੋਸ਼ਿਸ਼ ਕੀਤੀ ਅਤੇ ਮਸ਼ੀਨ ਉੱਤੇ ਆਸ਼ਰਿਤ ਹੋ ਰਹੇ ਮਨੁੱਖ ਦੀ ਉਦਾਸੀ, ਇਕੱਲਤਾ, ਬੇਗਾਨਗੀ ਅਤੇ ਨਿਰਾਰਥਕਤਾ ਨੂੰ ਰੱਜ ਕੇ ਬਿਆਨ ਕੀਤਾ। ਇਹ ਹੀ ਉਸਦੀ ਲੇਖਣੀ ਦਾ ਮਕਸਦ ਬਣਿਆ। ਮਸ਼ੀਨ ਦਾ ਗੁਲਾਮ ਹੋ ਰਹੇ ਮਨੁੱਖ ਦੀ ਨਿਰਾਸ਼ਾ, ਭਟਕਣਾ ਅਤੇ ਨਿਰਾਰਥਕਤਾ ਨੂੰ ਪੇਸ਼ ਕਰਕੇ ਉਸਨੇ ਗਿਆਨ, ਵਿਗਿਆਨ ਦੇ ਯੁੱਗ ਵਿੱਚ ਪੈਦਾ ਹੋ ਰਹੀਆਂ ਸਮੱਸਿਆਵਾਂ ਬਾਰੇ ਪਾਠਕਾਂ ਨੂੰ ਸੁਚੇਤ ਕੀਤਾ ਹੈ। ਉਸਦੀ ਖੂਬੀ ਇਸ ਸਥਿਤੀ ਨੂੰ ਇਸ ਰੂਪ ਵਿੱਚ ਪੇਸ਼ ਕਰਨ ਵਿੱਚ ਹੈ।

ਰਵਿੰਦਰ ਰਵੀ ਮਾਨਵਵਾਦੀ ਦ੍ਰਿਸ਼ਟੀ ਦਾ ਸਾਹਿਤਕਾਰ ਹੈ। ਉਹ ਆਪਣੀਆਂ ਸਾਹਿਤਿਕ ਰਚਨਾਵਾਂ ਰਾਹੀਂ ਮਨੁੱਖ ਨੂੰ ਪੂੰਜੀਵਾਦੀ ਯੁੱਗ ਦੀਆਂ ਉਪਭੋਗਤਾਵਾਦੀ ਪ੍ਰਸਥਿਤੀਆਂ ਪ੍ਰਤੀ ਅਗਾਹ ਕਰਦਾ ਹੈ ਅਤੇ ਇਨ੍ਹਾਂ ਦੇ ਗਲਬੇ ਤੋਂ ਨਿਜਾਤ ਪਾਉਣ ਜਾਂ ਮੁਕਤ ਹੋਣ ਦਾ ਸਪੱਸ਼ਟ ਸੁਨੇਹਾ ਵੀ ਦਿੰਦਾ ਹੈ। ਉਸਨੇ ਆਧੁਨਿਕ ਮਨੁੱਖ ਦੇ ਤਲਖ਼ ਤਜ਼ਰਬਿਆਂ ਅਤੇ ਬੇਹਿਸ ਹੋਏ ਜਜ਼ਬਾਤਾਂ ਨੂੰ ਬੇਝਿਜਕ ਬਿਆਨਿਆ ਹੈ। ਉਹ ਆਧੁਨਿਕ ਮਨੁੱਖ ਦੀ ਨਿਰਾਸ਼ਤਾ, ਭਟਕਣਾ, ਅਤੇ ਇਕੱਲਤਾ ਨੂੰ ਬਿਆਨਣ ਲਈ ਨਿਰੰਤਰ ਲਿਖਦਾ ਰਿਹਾ ਹੈ। ਉਸਦਾ ਅਣਗਿਣਤ ਪੰਨਿਆਂ ਵਿੱਚ ਬਿਖਰਿਆ ਹੋਇਆ ਸਾਹਿਤਿਕ ਸੰਸਾਰ ਦੱਸਦਾ ਹੈ ਕਿ ਅਜਿਹਾ ਕਰਨ ਵਿੱਚ ਉਹ ਅੱਕਿਆ, ਥੱਕਿਆ ਜਾਂ ਹਿਚਕਿਚਾਇਆ ਨਹੀਂ ਬਲਕਿ ਆਪਣੇ ਅਨੁਭਵਾਂ ਦੀ ਵਿਵਿਧਤਾ ਸਮੇਤ ਕਾਰਜਸ਼ੀਲ ਰਿਹਾ ਹੈ। ਆਪਣੇ ਅੰਤਿਮ ਲੋਕ ਪੱਖੀ ਸੁਨੇਹੇ ਕਰਕੇ ਉਸਦੀ ਸਾਹਿਤ ਸਿਰਜਣਾ ਦਾ ਮੁੱਲ ਹਮੇਸ਼ਾ ਬਣਿਆ ਰਹੇਗਾ।